RECOVERY
Randomised Evaluation of COVID-19 Therapy

# ਕੋਵਿਡ-19 ਦੀ ਥੈਰੇਪੀ ਦਾ ਬੇਤਰਤੀਬਾ ਮੁਲਾਂਕਣ (ਰਿਕਵਰੀ)

UNIVERSITY OF OXFORD

**ਹਸਪਤਾਲ ਦਾ ਨਾਮ:**
(ਵੱਡੇ ਅੱਖਰਾਂ ਦੀ ਵਰਤੋਂ ਕਰੋ)

**ਮਰੀਜ਼ ਦਾ ਨਾਮ:**
(ਵੱਡੇ ਅੱਖਰਾਂ ਦੀ ਵਰਤੋਂ ਕਰੋ)

**ਅਧਿਐਨ ਆਈ ਡੀ (ID):**
(ਬੇਤਰਤੀਬਾ ਬਣਾਉਣ ਦੇ ਬਾਅਦ ਦਾਖਲ ਕਰੋ)

**1. ਮੈਨੂੰ ਅਧਿਐਨ ਦੇ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ:** ਮੈਂ ਪੁਸ਼ਟੀ ਕਰਦਾ/ਦੀ ਹਾਂ ਕਿ ਮੈਂ ਪ੍ਰਤੀਭਾਗੀ ਜਾਣਕਾਰੀ ਸ਼ੀਟ (V8.1 18-ਸਤੰ-2020) ਨੂੰ ਪੜ੍ਹ ਲਿਆ (ਜਾਂ ਮੈਨੂੰ ਪੜ੍ਹ ਕੇ ਸੁਣਾਇਆ ਗਿਆ) ਹੈ ਅਤੇ ਸਮਝ ਲਿਆ ਹੈ ਅਤੇ ਮੈਨੂੰ ਜਾਣਕਾਰੀ ਬਾਰੇ ਵਿਚਾਰ ਕਰਨ ਅਤੇ ਪ੍ਰਸ਼ਨ ਪੁੱਛਣ ਦੇ ਮੌਕੇ ਮਿਲੇ ਹਨ। ਇਨ੍ਹਾਂ ਦਾ ਸੰਤੋਸ਼ਜਨਕ ਉੱਤਰ ਦਿੱਤਾ ਗਿਆ ਹੈ।

**2. ਇੱਛੁਕ ਭਾਗੀਦਾਰੀ:** ਮੈਂ ਸਮਝਦਾ/ਦੀ ਹਾਂ ਕਿ ਮੇਰੀ ਸ਼ਮੂਲੀਅਤ ਇੱਛੁਕ ਹੈ ਅਤੇ ਇਹ ਕਿ ਮੈਂ ਬਿਨਾਂ ਕੋਈ ਕਾਰਨ ਦੱਸਿਆਂ ਅਤੇ ਮੇਰੀ ਚਿਕਿਤਸਕ ਦੇਖਭਾਲ ਜਾਂ ਕਾਨੂੰਨੀ ਅਧਿਕਾਰਾਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਕਿਸੇ ਵੀ ਸਮੇਂ ਇਸ ਵਿਚੋਂ ਹੱਟਣ ਲਈ ਸੁਤੰਤਰ ਹਾਂ।

**3. ਮੇਰੇ ਨਾਲ ਸਬੰਧਤ ਅਧਿਐਨ ਡਾਟਾ ਤੱਕ ਪਹੁੰਚ:** ਮੈਂ, ਮੇਰੇ ਮੈਡੀਕਲ ਨੋਟਸ ਅਤੇ ਅਧਿਐਨ ਦੇ ਦੌਰਾਨ ਇਕੱਤਰ ਕੀਤੀ ਗਈ ਜਾਣਕਾਰੀ ਦੇ ਢੁੱਕਵੇਂ ਭਾਗਾਂ ਨੂੰ, ਭਰੋਸੇ ਨਾਲ, ਇਸ ਹਸਪਤਾਲ, ਯੂਨੀਵਰਸਿਟੀ ਆਫ਼ ਆਕਸਫੋਰਡ (University of Oxford), ਅਤੇ ਹੋਰ ਨਿਯਾਮਕ ਅਥਾਰਟੀਆਂ ਦੁਆਰਾ ਅਧਿਕ੍ਰਿਤ ਕੀਤੇ ਵਿਅਕਤੀਆਂ ਨੂੰ ਦੇਖਣ ਦੀ ਸਹਿਮਤੀ ਦਿੰਦਾ/ਦੀ ਹਾਂ, ਤਾਂ ਜੋ ਇਹ ਜਾਂਚਿਆ ਜਾ ਸਕੇ ਕਿ ਅਧਿਐਨ ਸਹੀ ਤਰ੍ਹਾ ਕੀਤਾ ਜਾ ਰਿਹਾ ਹੈ।

**4. ਮੇਰੀ ਚਿਕਿਤਸਕ ਜਾਣਕਾਰੀ ਤੱਕ ਪਹੁੰਚ:** ਮੈਂ ਸਹਿਮਤ ਹੁੰਦਾ/ਦੀ ਹਾਂ ਕਿ ਉਹ ਮੈਡੀਕਲ ਜਾਣਕਾਰੀ ਜਿਸਨੂੰ ਕਿ ਉਨ੍ਹਾਂ ਡਾਕਟਰਾਂ ਅਤੇ ਹਸਪਤਾਲਾਂ ਦੁਆਰਾ ਇਕੱਤਰ ਕੀਤਾ ਜਾਂਦਾ ਹੈ ਜੋ ਮੈਨੂੰ ਦੇਖਭਾਲ ਪ੍ਰਦਾਨ ਕਰਦੇ ਹਨ ਅਤੇ ਜੋ ਕਿ ਸਥਾਨਕ ਜਾਂ ਰਾਸ਼ਟਰੀ ਸਿਹਤ ਅਤੇ ਖੋਜ ਸੰਗਠਨਾਂ (ਜਿਸ ਵਿਚ ਹਸਪਤਾਲ ਦਾ ਦਾਖਲਾ, ਸਿਵਲ ਰਜਿਸਟ੍ਰੇਸ਼ਨ, ਆਡਿਟ ਅਤੇ ਰਿਸਰਚ ਡਾਟਾ ਸ਼ਾਮਲ ਹਨ) ਵਿਚ ਪਈ ਹੋ ਸਕਦੀ ਹੈ, ਨੂੰ ਸਾਰਣੀਬੱਧ ਫਾਲੋ-ਅੱਪ ਅਵਧੀ ਦੇ ਦੌਰਾਨ ਅਤੇ 10 ਸਾਲ ਬਾਅਦ ਤੱਕ, ਦੋਵੇਂ ਸਮਿਆਂ ਦੇ ਲਈ ਅਧਿਐਨ ਦੇ ਸੰਯੋਜਨ ਕੇਂਦਰ ਨੂੰ ਪ੍ਰਦਾਨ ਕੀਤਾ ਜਾ ਸਕਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਉਹ ਜਾਣਕਾਰੀ ਜੋ ਮੇਰੀ ਪਛਾਣ ਜ਼ਾਹਰ ਕਰਦੀ ਹੈ, ਨੂੰ ਇਸ ਤਰ੍ਹਾਂ ਦੀਆਂ ਸੰਸਥਾਵਾਂ ਕੋਲ ਇਸਨੂੰ ਸੰਭਵ ਬਣਾਉਣ ਲਈ ਸੁਰੱਖਿਅਤ ਤਰੀਕੇ ਨਾਲ ਭੇਜਿਆ ਜਾਵੇਗਾ ਅਤੇ ਇਹ ਕਿ ਮੈਂ ਲਿਖਤ ਵਿਚ ਸੰਜੋਜਕ ਸੈਂਟਰ ਦੀ ਟੀਮ ਨੂੰ ਦੱਸ ਕੇ ਕਿਸੇ ਵੀ ਸਮੇਂ ਇਸ ਵਿਚੋਂ ਨਿਕਲ ਸਕਦਾ/ਦੀ ਹਾਂ।

**5. ਕੰਪਿਊਟਰ ਉੱਤੇ ਸਟੋਰ ਕੀਤਾ ਗਿਆ ਡਾਟਾ:** ਮੈਂ ਸਮਝਦਾ/ਦੀ ਹਾਂ ਕਿ ਅਧਿਐਨ ਵਿਚ ਮੇਰੀ ਤਰੱਕੀ ਦੇ ਬਾਰੇ ਜਾਣਕਾਰੀ ਨੂੰ ਕੰਪਿਊਟਰ ਡਾਟਾਬੇਸ ਉੱਤੇ ਰਿਕਾਰਡ ਕੀਤਾ ਜਾਵੇਗਾ, ਅਤੇ ਇਹ ਕਿ ਇਸ ਡਾਟਾ ਨੂੰ ਯੂਨੀਵਰਸਿਟੀ ਆਫ਼ ਆਕਸਫੋਰਡ (University of Oxford) ਦੁਆਰਾ ਨਿਗਰਾਨੀ ਕੀਤੇ ਜਾਂਦੇ ਕੰਪਿਊਟਰਾਂ ਵਿਚ ਸਟੋਰ ਕੀਤਾ ਜਾਵੇਗਾ। ਮੈਂ ਸਮਝਦਾ/ਦੀ ਹਾਂ ਕਿ ਇਸ ਜਾਣਕਾਰੀ ਨੂੰ ਸੁਰੱਖਿਅਤ ਤਰੀਕੇ ਨਾਲ ਅਤੇ ਗੋਪਨੀਯਤਾ ਨਾਲ ਰੱਖਿਆ ਜਾਵੇਗਾ।

**6. ਵਿਕਲਪਕ: ਕਨਵਾਲੇਸੈਂਟ ਪਲਾਜ਼ਮਾ:** ਮੈਂ ਜਾਣਦਾ/ਦੀ ਹਾਂ ਕਿ ਮੈਨੂੰ ਮੇਰੇ ਦੁਆਰਾ ਪ੍ਰਾਪਤ ਕੀਤੇ ਜਾ ਸਕਣ ਵਾਲੇ ਇਲਾਜਾਂ ਵਿਚੋਂ ਇਕ, ਕਨਵਾਲੇਸੈਂਟ ਪਲਾਜ਼ਮਾ ਦੇ ਰੂਪ ਵਿਚ ਪ੍ਰਾਪਤ ਹੋ ਸਕਦਾ ਹੈ। ਮੈਂ ਜਾਣਦਾ/ਦੀ ਹਾਂ ਕਿ ਕੋਰੋਨਵਾਇਰਸ ਅਤੇ ਇਸਦੇ ਵਿਰੁੱਧ ਦੀਆਂ ਐਂਟੀਬੌਡੀਜ਼ ਨੂੰ ਮਾਪਣ ਲਈ ਖੂਨ ਦਾ ਇਕ ਨਮੂਨਾ ਐਨ ਐਚ ਐਸ (NHS) ਲੈਬੋਰੇਟਰੀ ਨੂੰ ਭੇਜਿਆ ਜਾਵੇਗਾ। ਮੈਂ ਇਸਨੂੰ ਪ੍ਰਾਪਤ ਕਰਨ ਦੀ ਮੇਰੀ ਸਹਿਮਤੀ (ਜਾਂ ਅਸਹਿਮਤੀ) ਨੂੰ ਢੁੱਕਵੇਂ ਬਕਸੇ ਵਿਚ ਦਸਤਖਤ ਕਰਕੇ ਦਰਸਾਇਆ ਹੈ।

| ਮੈਂ ਸਹਿਮਤ ਹਾਂ | ਮੈਂ ਸਹਿਮਤ ਨਹੀਂ ਹਾਂ |
|---|---|
| | |

**7. ਭਾਗ ਲੈਣ ਲਈ ਸਹਿਮਤੀ**: ਮੈਂ ਜਾਣਕਾਰੀ ਨੂੰ ਪੜ੍ਹ ਲਿਆ ਹੈ (ਜਾਂ ਮੈਨੂੰ ਇਹ ਪੜ੍ਹ ਕੇ ਸੁਣਾ ਦਿੱਤੀ ਗਈ ਹੈ), ਮੈਨੂੰ ਪ੍ਰਸ਼ਨ ਪੁੱਛਣ ਦਾ ਮੌਕਾ ਮਿਲਿਆ ਹੈ ਅਤੇ ਮੈਂ ਉਪਰੋਕਤ ਅਧਿਐਨ ਵਿਚ ਭਾਗ ਲੈਣ ਲਈ ਸਹਿਮਤੀ ਦਿੰਦਾ/ਦੀ ਹਾਂ।

| | | |
|---|---|---|
| ................................................... | ........................................... | ......../......./............ |
| ਪ੍ਰਤੀਭਾਗੀ ਦਾ ਪੂਰਾ ਨਾਮ | ਦਸਤਖਤ | ਅੱਜ ਦੀ ਤਾਰੀਖ |
| ................................................... | ........................................... | ......../......./............ |
| ਸਹਿਮਤੀ ਲੈਣ ਵਾਲੇ ਵਿਅਕਤੀ ਦਾ ਪੂਰਾ ਨਾਮ | ਦਸਤਖਤ | ਅੱਜ ਦੀ ਤਾਰੀਖ |

*1 ਕਾਪੀ ਪ੍ਰਤੀਭਾਗੀ ਦੇ ਲਈ; 1 ਕਾਪੀ ਖੋਜਾਰਥੀ ਦੀ ਸਾਇਟ ਫਾਈਲ ਲਈ; 1 (ਮੂਲ) ਚਿਕਿਤਸਕ ਨੋਟਸ ਵਿਚ ਰੱਖੀ ਜਾਵੇ*

**ਹਸਪਤਾਲ ਦਾ ਨਾਮ:**
(ਵੱਡੇ ਅੱਖਰਾਂ ਦੀ ਵਰਤੋਂ ਕਰੋ)

**ਮਰੀਜ਼ ਦਾ ਨਾਮ:**
(ਵੱਡੇ ਅੱਖਰਾਂ ਦੀ ਵਰਤੋਂ ਕਰੋ)

**ਅਧਿਐਨ ਆਈ ਡੀ (ID):**
(ਬੇਤਰਤੀਬਾ ਬਣਾਉਣ ਦੇ ਬਾਅਦ ਦਾਖਲ ਕਰੋ)

**ਜੇ ਪ੍ਰਤੀਭਾਗੀ ਟੈਕਸਟ ਨੂੰ ਪੜ੍ਹਨ ਦੇ ਸਮਰੱਥ ਨਹੀਂ ਹੈ ਅਤੇ/ਜਾਂ ਖੁਦ ਲਈ ਦਸਤਖਤ ਨਹੀਂ ਕਰ ਸਕਦਾ ਪਰ ਉਸ ਕੋਲ ਸਹਿਮਤੀ ਦੇਣ ਦੀ ਸਮਰੱਥਾ ਹੈ**

ਮੈਂ ਸੰਭਾਵਿਤ ਪ੍ਰਤੀਭਾਗੀ ਕੋਲ ਸਹਿਮਤੀ ਫਾਰਮ ਦੀ ਸਹੀ ਪੜ੍ਹਤ ਨੂੰ ਦੇਖਿਆ ਹੈ, ਉਹ ਕਿਸੇ ਤਰ੍ਹਾਂ ਦੇ ਪ੍ਰਸ਼ਨ ਪੁੱਛ ਸਕਿਆ/ਸਕੀ ਸੀ ਅਤੇ ਉਸਨੂੰ ਸੰਤੋਸ਼ਜਨਕ ਉੱਤਰ ਮਿਲੇ।

ਮੈਂ ਪੁਸ਼ਟੀ ਕਰਦਾ/ਦੀ ਹਾਂ ਕਿ ਉਨ੍ਹਾਂ ਨੇ ਸੁਤੰਤਰਤਾ ਨਾਲ ਸਹਿਮਤੀ ਦੇ ਦਿੱਤੀ ਹੈ।

| | | |
|---|---|---|
| ................................................. | .......................................... | ......../......../.......... |
| ਗਵਾਹ ਦਾ ਪੂਰਾ ਨਾਮ | ਦਸਤਖਤ | ਅੱਜ ਦੀ ਤਾਰੀਖ |
| ................................................. | .......................................... | ......../......../........... |
| ਸਹਿਮਤੀ ਲੈਣ ਵਾਲੇ ਵਿਅਕਤੀ ਦਾ ਪੂਰਾ ਨਾਮ | ਦਸਤਖਤ | ਅੱਜ ਦੀ ਤਾਰੀਖ |

**ਜੇ ਪ੍ਰਤੀਭਾਗੀ ਨੂੰ ਉਨ੍ਹਾਂ ਦੀ ਚਿਕਿਤਸਕ ਹਾਲਤ (ਉਦਾ. ਸਾਹ ਪ੍ਰਣਾਲੀ ਦੀ ਗੰਭੀਰ ਅਸਫ਼ਲਤਾ ਜਾਂ ਤੁਰੰਤ ਵੈਂਟੀਲੇਸ਼ਨ ਦੀ ਜ਼ਰੂਰਤ) ਦੀ ਗੰਭੀਰਤਾ ਦੇ ਕਾਰਨ ਜਾਂ ਪੁਰਾਣੀ ਬਿਮਾਰੀ ਦੇ ਕਾਰਨ ਸਹਿਮਤੀ ਦੇਣ ਦੀ ਸਮਰੱਥਾ ਦੀ ਘਾਟ ਹੈ:**

ਮੈਂ ਜਾਣਕਾਰੀ ਨੂੰ ਪੜ੍ਹ ਲਿਆ ਹੈ (ਜਾਂ ਮੈਨੂੰ ਇਹ ਪੜ੍ਹ ਕੇ ਸੁਣਾ ਦਿੱਤੀ ਗਈ ਹੈ) ਅਤੇ ਮੈਨੂੰ ਪ੍ਰਸ਼ਨ ਪੁੱਛਣ ਦਾ ਮੌਕਾ ਮਿਲਿਆ ਹੈ।

ਮੈਂ ਸਮਝਦਾ/ਦੀ ਹਾਂ ਕਿ ਜਿਵੇਂ ਹੀ ਮਰੀਜ਼ ਕੋਲ ਸਹਿਮਤੀ ਦੇਣ ਦੀ ਸਮਰੱਥਾ ਆਉਂਦੀ ਹੈ ਉਨ੍ਹਾਂ ਨੂੰ ਆਪਣੀ ਸਹਿਮਤੀ ਦੀ ਪੁਸ਼ਟੀ ਕਰਨ ਲਈ ਕਿਹਾ ਜਾਵੇਗਾ ਅਤੇ ਇਹ ਕਿ ਜੇ ਉਹ ਇੱਛਾ ਕਰਦੇ ਹਨ, ਤਾਂ ਉਹ ਆਪਣੀ ਚਿਕਿਤਸਕ ਦੇਖਭਾਲ ਨੂੰ ਪ੍ਰਭਾਵਿਤ ਕੀਤੇ ਬਿਨਾਂ ਅਧਿਐਨ ਤੋਂ ਹੱਟਣ ਦੇ ਸਮਰੱਥ ਹੋਣਗੇ।

ਮੈਂ ਸਮਝਦਾ ਹਾਂ ਕਿ ਜੇ ਉਹ ਇਸਦੇ ਸਮਰੱਥ ਹੁੰਦੇ, ਤਾਂ ਮਰੀਜ਼ ਨੇ ਇਸ ਅਧਿਐਨ ਵਿਚ ਭਾਗ ਲੈਣ ਦੀ ਇੱਛਾ ਕਰਨੀ ਸੀ।

| | | |
|---|---|---|
| ................................................. | .......................................... | ......../......../........... |
| ਕਾਨੂੰਨੀ ਪ੍ਰਤੀਨਿਧੀ ਦਾ ਪੂਰਾ ਨਾਮ | ਦਸਤਖਤ | ਅੱਜ ਦੀ ਤਾਰੀਖ |
| ................................................. | | |
| ਪ੍ਰਤੀਭਾਗੀ ਨਾਲ ਰਿਸ਼ਤਾ | | |
| ................................................. | .......................................... | ......../......../........... |
| ਸਹਿਮਤੀ ਲੈਣ ਵਾਲੇ ਵਿਅਕਤੀ ਦਾ ਪੂਰਾ ਨਾਮ | ਦਸਤਖਤ | ਅੱਜ ਦੀ ਤਾਰੀਖ |

*1 ਕਾਪੀ ਕਾਨੂੰਨੀ ਪ੍ਰਤੀਨਿਧੀ ਦੇ ਲਈ; 1 ਕਾਪੀ ਖੋਜਾਰਥੀ ਦੀ ਸਾਇਟ ਫਾਈਲ ਲਈ; 1 (ਮੂਲ) ਪ੍ਰਤੀਭਾਗੀ ਦੇ ਚਿਕਿਤਸਕ ਨੋਟਸ ਵਿਚ ਰੱਖੀ ਜਾਵੇ*

**ਭਾਗ ਲੈਣ ਲਈ ਸੱਦਾ**

ਅਸੀਂ ਸੰਭਾਵਿਤ ਇਲਾਜਾਂ ਦੀ ਤੁਲਨਾ ਕਰਦੇ ਇਸ ਖੋਜ ਅਧਿਐਨ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਲੋਕਾਂ ਨੂੰ ਸੱਦਾ ਦੇ ਰਹੇ ਹਾਂ ਜਿਨ੍ਹਾਂ ਨੂੰ ਕੋਵਿਡ-19 ਦੇ ਨਾਲ (ਜਾਂ ਇਸਦੇ ਹੋਣ ਦੇ ਸ਼ੱਕ ਨਾਲ) ਹਸਪਤਾਲ ਵਿਚ ਦਾਖਲ ਕੀਤਾ ਗਿਆ ਹੈ। ਇਹ ਫਾਰਮ ਭਾਗ ਲੈਣ ਦੇ ਟੀਚਿਆਂ, ਜ਼ੋਖਮਾਂ ਅਤੇ ਲਾਭਾਂ ਦੇ ਬਾਰੇ ਜਾਣਕਾਰੀ ਦਿੰਦਾ ਹੈ। ਤੁਹਾਨੂੰ ਸਿਹਤਯਾਬੀ ਟਰਾਇਲ ("ਵਿਕਲਪ" ਕਹੇ ਜਾਂਦੇ) ਨਾਲ ਸਬੰਧਤ ਅਤਿਰਿਕਤ ਅਧਿਐਨਾਂ ਵਿਚ ਭਾਗ ਲੈਣ ਵੀ ਸੱਦਾ ਦਿੱਤਾ ਜਾ ਸਕਦਾ ਹੈ।

**ਇਸ ਖੋਜ ਅਧਿਐਨ ਦੇ ਬਾਰੇ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ:**

**1) ਇਹ ਖੋਜ ਕਿਉਂ ਕੀਤੀ ਜਾ ਰਹੀ ਹੈ?**

ਤੁਹਾਡੇ ਡਾਕਟਰ ਨੇ ਇਹ ਪਾਇਆ ਹੈ, ਜਾਂ ਉਸਨੂੰ ਸ਼ੱਕ ਹੈ ਕਿ ਤੁਹਾਨੂੰ ਕੋਵਿਡ-19 ਵੱਜੋਂ ਜਾਣੀ ਜਾਂਦੀ ਫੇਫੜਿਆਂ ਦੀ ਇਕ ਬਿਮਾਰੀ ਹੈ। ਇਹ ਹਾਲਤ SARS-CoV-2, ਜਾਂ ਸੰਖੇਪ ਵਿਚ ਕਰੋਨਾਵਾਇਰਸ ਵੱਜੋਂ ਜਾਣੇ ਜਾਂਦੇ ਵਿਸ਼ਾਣੂੰ ਦੀ ਇਕ ਕਿਸਮ ਨਾਲ ਹੁੰਦੀ ਹੈ।

20 ਵਿਚੋਂ 19 ਮਰੀਜ਼ ਜਿਨ੍ਹਾਂ ਨੂੰ ਕਰੋਨਾਵਾਇਰਸ ਹੁੰਦਾ ਹੈ ਉਹ ਹਸਪਤਾਲ ਵਿਚ ਆਉਣ ਤੋਂ ਬਿਨਾਂ ਠੀਕ ਹੋ ਜਾਂਦੇ ਹਨ। ਜਿਨ੍ਹਾਂ ਨੂੰ ਹਸਪਤਾਲ ਵਿਚ ਦਾਖਲ ਕੀਤਾ ਜਾਂਦਾ ਹੈ, ਉਨ੍ਹਾਂ ਵਿਚੋਂ ਵੀ ਬਹੁਤੇ ਠੀਕ ਹੋ ਜਾਂਦੇ ਹਨ, ਪਰ ਕੁਝ ਇਕ ਨੂੰ ਠੀਕ ਹੋਣ ਤੋਂ ਪਹਿਲਾਂ ਆਕਸੀਜਨ ਜਾਂ ਮਸ਼ੀਨੀ ਵੈਂਟੀਲੇਸ਼ਨ ਦੀ ਜ਼ਰੂਰਤ ਪੈ ਸਕਦੀ ਹੈ। ਪਰ, ਬਹੁਤ ਥੋੜ੍ਹੇ ਮਰੀਜ਼ ਠੀਕ ਨਹੀਂ ਹੁੰਦੇ ਹਨ।

ਇਸ ਟਰਾਇਲ ਨੇ ਦਰਸਾਇਆ ਹੈ ਕਿ ਡੈਕਸਾਮੀਥਾਸੋਨ (ਸਟੀਰੋਇਡ ਦੀ ਇਕ ਕਿਸਮ) ਕੋਵਿਡ-19 ਨਾਲ ਹਸਪਤਾਲ ਵਿਚ ਦਾਖਲ ਕੁਝ ਮਰੀਜ਼ਾਂ ਦੇ ਮਰਨ ਦੇ ਜ਼ੋਖਮ ਨੂੰ ਘਟਾਉਂਦੀ ਹੈ। ਇਸ ਤਰ੍ਹਾਂ ਦੀਆਂ ਹੋਰ ਕਈਂ ਦਵਾਈਆਂ ਹਨ ਜਿਨ੍ਹਾਂ ਨੂੰ ਜਦੋਂ ਆਮ ਮਾਨਕ ਦੇਖਭਾਲ ਦੇ ਨਾਲ ਜੋੜਿਆ ਜਾਂਦਾ ਹੈ ਤਾਂ ਇਹ ਮਦਦਗਾਰ (ਜਾਂ ਸੰਭਾਵਤ ਰੂਪ ਵਿਚ ਨੁਕਸਾਨਦਾਇਕ) ਹੋ ਸਕਦੀਆਂ ਹਨ। ਇਹ ਅਧਿਐਨ ਇਹ ਪਤਾ ਲਗਾਉਣ ਦਾ ਟੀਚਾ ਰੱਖਦਾ ਹੈ ਕਿ ਕੀ ਇਨ੍ਹਾਂ ਵਿਚੋਂ ਕੋਈ ਅਤਿਰਿਕਤ ਇਲਾਜ ਕਿਸੇ ਤਰ੍ਹਾਂ ਮਦਦਗਾਰ ਹੋ ਸਕਦਾ ਹੈ।

**2) ਅਧਿਐਨ ਦਾ ਮਕਸਦ ਕੀ ਹੈ?**

ਇਹ ਅਧਿਐਨ ਕਈਂ ਵਿਭਿੰਨ ਇਲਾਜਾਂ ਦੀ ਤੁਲਨਾ ਕਰਨ ਦਾ ਇਰਾਦਾ ਰੱਖਦਾ ਹੈ ਜੋ ਕਿ ਕੋਵਿਡ-19 ਵਾਲੇ ਮਰੀਜ਼ਾਂ ਲਈ ਲਾਹੇਵੰਦ ਹੋ ਸਕਦੇ ਹਨ। ਇਨ੍ਹਾਂ ਇਲਾਜਾਂ ਦੀ ਜਾਂਚ ਦੇ ਲਈ ਉਸ ਮਾਹਰਾਨਾ ਪੈਨਲ ਦੁਆਰਾ ਸਿਫ਼ਾਰਸ਼ ਕੀਤੀ ਗਈ ਹੈ ਜੋ ਇੰਗਲੈਂਡ ਦੇ ਚੀਫ਼ ਮੈਡੀਕਲ ਅਫ਼ਸਰ (Chief Medical Officer) ਨੂੰ ਸਲਾਹ ਦਿੰਦਾ ਹੈ। ਇਨ੍ਹਾਂ ਵਿਚੋਂ ਕੁਝ ਗੋਲੀਆਂ ਹਨ ਅਤੇ ਕੁਝ ਇੰਜੈਕਸ਼ਨ ਹਨ। ਭਾਵੇਂ ਕਿ ਇਹ ਇਲਾਜ ਆਸ ਦੀ ਕਿਰਨ ਜਗਾਉਂਦੇ ਹਨ, ਕੋਈ ਵੀ ਨਹੀਂ ਜਾਣਦਾ ਕਿ ਕੀ ਇਨ੍ਹਾਂ ਵਿਚੋਂ ਕੋਈ ਤੁਹਾਡੇ ਹਸਪਤਾਲ ਦੀ ਮਾਨਕ ਦੇਖਭਾਲ (ਜਿਸਨੂੰ ਸਾਰੇ ਮਰੀਜ਼ ਪ੍ਰਾਪਤ ਕਰਦੇ ਹਨ) ਨੂੰ ਪ੍ਰਾਪਤ ਕਰਦੇ ਮਰੀਜ਼ਾਂ ਦੇ ਸਿਹਤਯਾਬ ਹੋਣ ਵਿਚ ਮਦਦ ਲਈ ਜ਼ਿਆਦਾ ਪ੍ਰਭਾਵੀ ਹੋ ਸਕਦਾ ਹੈ।

ਉਹ ਇਲਾਜ ਜੋ ਤੁਹਾਡੇ ਹਸਪਤਾਲ ਵਿਚ ਆਮ ਦੇਖਭਾਲ ਤੋਂ ਇਲਾਵਾ ਪ੍ਰਦਾਨ ਕੀਤਾ ਜਾ ਸਕਦਾ ਹੈ, ਇਹ ਹੈ: ਅਜ਼ੀਥਰੋਮਾਇਸਿਨ (azithromycin) (ਇਕ ਆਮ ਤੌਰ 'ਤੇ ਵਰਤੀ ਜਾਂਦੀ ਐਂਟੀਬਾਇਟਿਕ)।

ਤੁਸੀਂ ਜਾਂ ਤਾਂ ਕਨਵਾਲੇਸੈਂਟ ਪਲਾਜ਼ਮਾ ਵੀ ਪ੍ਰਾਪਤ ਕਰ ਸਕਦੇ ਹੋ (ਇਹ ਖ਼ੂਨ ਦਾ ਤਰਲ ਹਿੱਸਾ ਹੁੰਦਾ ਹੈ ਜੋ ਖ਼ੂਨ ਦੇ ਸੈੱਲਾਂ ਨੂੰ ਪੂਰੇ ਸਰੀਰ ਵਿਚ ਲਿਜਾਉਂਦਾ ਹੈ) ਜਿਸਨੂੰ ਕਿ ਉਨ੍ਹਾਂ ਵਿਅਕਤੀਆਂ ਤੋਂ ਪ੍ਰਾਪਤ ਕੀਤਾ ਗਿਆ ਹੈ ਜੋ ਕਿ ਕੋਵਿਡ-19 ਦੀ ਲਾਗ ਤੋਂ ਠੀਕ ਹੋਏ ਹਨ ਅਤੇ ਜਿਨ੍ਹਾਂ ਦੇ ਸਰੀਰ ਵਿਚ ਵਿਸ਼ਾਣੂੰ ਦੇ ਪ੍ਰਤੀ ਐਂਟੀਬਾਡੀਜ਼ ਹਨ ਜੋ ਕਿ ਵਿਸ਼ਾਣੂੰ ਦਾ ਮੁਕਾਬਲਾ ਕਰਨ ਵਿਚ ਮਦਦ ਕਰ ਸਕਦੀਆਂ ਹਨ), ਜਾਂ ਉਨ੍ਹਾਂ ਦੋ ਐਂਟੀਬਾਡੀਜ਼ (ਜਿਨ੍ਹਾਂ ਨੂੰ ਮੋਨੋਕਲੋਨਲ ਐਂਟੀਬਾਡੀਜ਼ ਜਾਂ ਸੰਖੇਪ ਵਿਚ ਮੈਬ (Mab) ਕਿਹਾ ਜਾਂਦਾ ਹੈ) ਦਾ ਇਕ ਮਿਸ਼ਰਣ ਪ੍ਰਾਪਤ ਕਰੋਗੇ ਜਿਨ੍ਹਾਂ ਨੂੰ ਕਰੋਨਾ ਵਾਇਰਸ ਨੂੰ ਪ੍ਰਭਾਵਹੀਣ ਕਰਨ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਮਰੀਜ਼ਾਂ, ਜਿਨ੍ਹਾਂ ਦੀ ਹਾਲਤ ਜ਼ਿਆਦਾ ਗੰਭੀਰ ਹੈ ਉਨ੍ਹਾਂ ਲਈ ਟੋਸਲੀਜ਼ੁਮਬ (tocilizumab) (ਰੁਮੈਟਾਇਡ ਗਠੀਏ ਦੇ ਲਈ ਇਕ ਇਲਾਜ) ਵੀ ਇਕ ਵਿਕਲਪ ਹੈ। ਮੌਜੂਦਾ ਸਮੇਂ ਅਸੀਂ ਨਹੀਂ ਜਾਣਦੇ ਕਿ ਕੀ ਇਨ੍ਹਾਂ ਵਿਚੋਂ ਕੋਈ ਕੋਵਿਡ-19 ਦੇ ਇਲਾਜ ਲਈ ਕਾਰਗਰ ਹੈ। ਪਰ ਦੂਜੇ ਪ੍ਰਯੋਗਾਂ ਤੋਂ ਹੋਣ ਵਾਲੇ ਗੌਣ ਪ੍ਰਭਾਵ ਚੰਗੀ ਤਰ੍ਹਾਂ ਜਾਣੇ ਗਏ ਹਨ (ਮੈਬ (Mab), ਜੋ ਕਿ ਇਕ ਨਵਾਂ ਇਲਾਜ ਹੈ, ਤੋਂ ਇਲਾਵਾ) ਅਤੇ ਤੁਹਾਡਾ ਡਾਕਟਰ ਸਹੀ ਤਰੀਕੇ ਨਾਲ ਤੁਹਾਨੂੰ ਮਾਨੀਟਰ ਕਰ ਸਕੇਗਾ।

**3) ਅਧਿਐਨ ਕੌਣ ਕਰ ਰਿਹਾ ਹੈ?**

ਇਹ ਅਧਿਐਨ ਯੂਨੀਵਰਸਿਟੀ ਆਫ਼ ਆਕਸਫੋਰਡ (University of Oxford) ਦੇ ਖੋਜਾਰਥੀਆਂ ਦੁਆਰਾ ਕੀਤੀ ਜਾ ਰਹੀ ਹੈ, ਇਹ ਯੂਨੀਵਰਸਿਟੀ ਪੂਰੇ ਯੂ ਕੇ (UK) ਵਿਚ ਕਈ ਹਸਪਤਾਲਾਂ ਵਿਚ ਡਾਕਟਰਾਂ ਨਾਲ ਕੰਮ ਕਰਦਿਆਂ, ਖੋਜ ਲਈ ਪ੍ਰਾਯੋਜਕ ਦੇ ਤੌਰ 'ਤੇ ਕੰਮ ਕਰਦੀ ਹੈ।

**4) ਅਧਿਐਨ ਦੇ ਵਿਚ ਕਿਸਨੂੰ ਸ਼ਾਮਲ ਕੀਤਾ ਜਾ ਰਿਹਾ ਹੈ?**

ਮਰੀਜ਼ਾਂ ਨੂੰ ਅਧਿਐਨ ਵਿਚ ਤਾਂ ਸ਼ਾਮਲ ਕੀਤਾ ਜਾ ਸਕਦਾ ਹੈ ਜੇ ਕਰੋਨਾਵਾਇਰਸ ਦੇ ਲਈ ਕੀਤੇ ਗਏ ਲੈਬੋਰੇਟਰੀ ਟੈਸਟ ਦੁਆਰਾ ਉਨ੍ਹਾਂ ਕੋਵਿਡ-19 ਹੋਣ ਦੀ ਪੁਸ਼ਟੀ ਕੀਤੀ ਗਈ ਹੈ (ਜਾਂ ਉਨ੍ਹਾਂ ਦੇ ਡਾਕਟਰਾਂ ਦੁਆਰਾ ਇਸਦੀ ਸੰਭਾਵਨਾ ਵਿਚਾਰੀ ਜਾਂਦੀ ਹੈ), ਅਤੇ ਉਹ ਹਸਪਤਾਲ ਵਿਚ ਹਨ। ਜੇ ਮਰੀਜ਼ ਨੂੰ ਦੇਖਣ ਵਾਲਾ ਡਾਕਟਰ ਇਹ ਸੋਚਦਾ ਹੈ ਕਿ ਕਿਸੇ ਖਾਸ ਕਾਰਨ ਦੇ ਕਰਕੇ ਅਧਿਐਨ ਦੇ ਇਲਾਜਾਂ ਵਿਚੋਂ ਕੋਈ ਢੁੱਕਵਾਂ ਨਹੀਂ ਹੈ, ਤਾਂ ਮਰੀਜ਼ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ।

**5) ਜੇ ਮੈਂ ਇਸ ਅਧਿਐਨ ਵਿਚ ਸ਼ਾਮਲ ਹੋਣ ਲਈ ਸਹਿਮਤ ਹੁੰਦਾ/ਦੀ ਹਾਂ ਤਾਂ ਕੀ ਹੋਏਗਾ?**

ਜੇ ਤੁਸੀਂ ਸ਼ਾਮਲ ਹੋਣ ਲਈ ਸਹਿਮਤ ਹੁੰਦੇ ਹੋ, ਤੁਹਾਨੂੰ ਸਹਿਮਤੀ ਫਾਰਮ ਉੱਪਰ ਦਸਤਖਤ ਕਰਨ ਲਈ ਕਿਹਾ ਜਾਵੇਗਾ। ਇਸਦੇ ਬਾਅਦ, ਤੁਹਾਡੀ ਪਛਾਣ ਕਰਦੇ ਸੰਖੇਪ ਵੇਰਵੇ ਅਤੇ ਤੁਹਾਡੀ ਸਿਹਤ ਬਾਰੇ ਕੁਝ ਪ੍ਰਸ਼ਨਾਂ ਦੇ ਦਿੱਤੇ ਉੱਤਰ ਅਤੇ ਚਿਕਿਤਸਕ ਤਕਲੀਫ਼ਾਂ ਨੂੰ ਇਕ ਕੰਪਿਊਟਰ ਵਿਚ ਦਾਖਲ ਕੀਤਾ ਜਾਵੇਗਾ। ਜੇ ਤੁਸੀਂ ਕਨਵਾਲੇਸੈਂਟ ਪਲਾਜ਼ਮਾ ਪ੍ਰਾਪਤ ਕਰਨ ਦੇ

ਇੱਛੁਕ ਹੋ, ਤੁਹਾਨੂੰ ਖ਼ੂਨ ਦੀਆਂ 1 ਜਾਂ 2 ਅਤਿਰਿਕਤ ਜਾਂਚਾਂ ਦੀ ਜ਼ਰੂਰਤ ਪੈ ਸਕਦੀ ਹੈ, ਇਹ ਐਨ ਐਚ ਐਸ (NHS) ਦੀਆਂ ਪ੍ਰਕ੍ਰਿਆਵਾਂ ਦੇ ਅਨੁਸਾਰ ਹੋਏਗਾ। ਇਸ ਦੇ ਇਲਾਵਾ, ਕੋਰੋਨਵਾਇਰਸ ਅਤੇ ਇਸਦੇ ਵਿਰੁੱਧ ਦੀਆਂ ਐਂਟੀਬੌਡੀਜ਼ ਨੂੰ ਮਾਪਣ ਲਈ ਇਕ ਹੋਰ ਨਮੂਨਾ ਕੇਂਦਰੀ ਲੈਬੋਰੇਟਰੀ ਨੂੰ ਭੇਜਿਆ ਜਾਵੇਗਾ। ਇਸ ਦੇ ਨਤੀਜੇ ਤੁਹਾਡੀ ਚਿਕਿਤਸਕ ਟੀਮ ਕੋਲ ਉਪਲਬੱਧ ਨਹੀਂ ਹੋਣਗੇ ਅਤੇ ਇਕ ਵਾਰ ਜਾਂਚ ਦੇ ਪੂਰਾ ਹੋਣ ਦੇ ਬਾਅਦ ਨਮੂਨਾ ਨਸ਼ਟ ਕਰ ਦਿੱਤਾ ਜਾਵੇਗਾ। ਇਸ ਦੇ ਬਾਅਦ ਕੰਪਿਊਟਰ ਇਲਾਜ ਦੇ ਸੰਭਾਵੀ ਵਿਕਲਪਾਂ ਵਿਚੋਂ ਇਕ ਨੂੰ ਲੈਣ ਲਈ ਤੁਹਾਨੂੰ ਬੇਤਰਤੀਬ (ਜਿਵੇਂ ਗੀਟੀ ਸੁੱਟੀ ਜਾਂਦੀ ਹੈ) ਤਰੀਕੇ ਨਾਲ ਨਿਰਧਾਰਤ ਕਰੇਗਾ। ਸਾਰੇ ਕੇਸਾਂ ਵਿਚ, ਇਸ ਵਿਚ ਤੁਹਾਡੇ ਹਸਪਤਾਲ ਦੀ ਆਮ ਮਾਨਕ ਦੇਖਭਾਲ ਸ਼ਾਮਲ ਹੋਏਗੀ। ਇਸ ਦੇ ਵਿਚ ਇਕ ਅਤਿਰਿਕਤ ਇਲਾਜ ਵੀ ਸ਼ਾਮਲ ਹੋ ਸਕਦਾ ਹੈ ਜੋ ਕਿ ਮੂੰਹ ਜ⍰⍰ ਇੰਜੈਕਸ਼ਨ ਰਾਹੀਂ ਦਿੱਤਾ ਜਾ ਸਕਦਾ ਹੈ। ਨਾ ਤਾਂ ਤੁਸੀਂ ਨਾ ਤੁਹਾਡਾ ਡਾਕਟਰ ਇਹ ਚੋਣ ਕਰ ਸਕਦਾ ਹੈ ਕਿ ਤੁਹਾਨੂੰ ਇਨ੍ਹਾਂ ਵਿਚੋਂ ਕਿਹੜਾ ਵਿਕਲਪ ਦਿੱਤਾ ਜਾਵੇਗਾ। ਜੇ ਤੁਹਾਡੀ ਹਾਲਤ ਗੰਭੀਰ ਹੈ ਜਾਂ ਹੋਰ ਵਿਗੜ ਜਾਂਦੀ ਹੈ, ਤਾਂ ਤੁਹਾਡੇ ਡਾਕਟਰ ਤੁਹਾਨੂੰ ਦੂਜੇ ਫੇਜ਼ ਵਿਚ ਦਾਖਲ ਕਰਨਾ ਚੁਣ ਸਕਦੇ ਹਨ ਜਿੱਥੇ ਕੰਪਿਊਟਰ ਦੁਬਾਰਾ ਤੋਂ ਅੱਗੇ ਦੇ ਇਲਾਜ ਦੇ ਸੰਭਾਵੀ ਵਿਕਲਪਾਂ ਵਿਚੋਂ ਇਕ ਲਈ ਤੁਹਾਨੂੰ ਬੇਤਰਤੀਬ ਤਰੀਕੇ ਨਾਲ ਨਿਰਧਾਰਤ ਕਰੇਗਾ (ਤੁਹਾਡੇ ਪਿਛਲੇ ਅਧਿਐਨ ਇਲਾਜ ਤੋਂ ਇਲਾਵਾ ਅਤੇ ਇਸ ਵਿਚ ਤੁਹਾਡੇ ਹਸਪਤਾਲ ਦੀ ਆਮ ਮਾਨਕ ਦੇਖਭਾਲ ਹਮੇਸ਼ਾਂ ਸ਼ਾਮਲ ਹੋਏਗੀ)।

ਤੁਹਾਡੀ ਸਿਹਤ ਬਾਰੇ ਆਮ ਜਾਣਕਾਰੀ ਨੂੰ ਰਿਕਾਰਡ ਕੀਤਾ ਜਾਵੇਗਾ ਅਤੇ ਅਧਿਐਨ ਨਾਲ ਸਬੰਧਤ ਕੰਪਿਊਟਰ ਵਿਚ ਦਾਖਲ ਕੀਤਾ ਜਾਵੇਗਾ, ਪਰ ਤੁਹਾਡੇ ਦੁਆਰਾ ਹਸਪਤਾਲ ਤੋਂ ਚਲੇ ਜਾਣ ਦੇ ਬਾਅਦ ਕਿਸੇ ਤਰ੍ਹਾਂ ਦੀਆਂ ਅਤਿਰਿਕਤ ਵਿਜ਼ਿਟਸ ਦੀ ਜ਼ਰੂਰਤ ਨਹੀਂ ਪਵੇਗੀ। ਕੁਝ ਹਾਲਤਾਂ ਵਿਚ, ਤੁਹਾਡੀ ਸਿਹਤ ਬਾਰੇ ਜਾਣਕਾਰੀ (ਅਧਿਐਨ ਤੋ ਪਹਿਲਾਂ, ਦੌਰਾਨ ਅਤੇ ਬਾਅਦ ਦੀ) ਨੂੰ ਮੈਡੀਕਲ ਰਿਕਾਰਡਾਂ ਜਾਂ ਡਾਟਾਬੇਸਾਂ (ਐਨ ਐਚ ਐਸ ਡਿਜੀਟਲ (NHS Digital), ਪਬਲਿਕ ਹੈਲਥ ਇੰਗਲੈਂਡ (Public Health England), ਹੋਰ ਬਰਾਬਰ ਦੀਆਂ ਸੰਸਥਾਵਾਂ ਅਤੇ ਅਣੂਵਾਂਸ਼ਿਕ ਜਾਂ ਹੋਰ ਖੋਜ ਸਬੰਧੀ ਡਾਟਾਬੇਸ, ਜੇ ਤੁਸੀਂ ਉਨ੍ਹਾਂ ਨੂੰ ਨਮੂਨੇ ਪ੍ਰਦਾਨ ਕੀਤੇ ਹਨ) ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਤਾਂ ਜੋ ਅਧਿਐਨ ਟੀਮ ਤੁਹਾਡੀ ਸ਼ਮੂਲੀਅਤ ਦੀ ਸਮਾਪਤੀ ਤੋਂ 10 ਸਾਲ ਬਾਅਦ ਤੱਕ ਤੁਹਾਡੀ ਸਿਹਤ ਉੱਪਰ ਅਧਿਐਨ ਦੇ ਇਲਾਜਾਂ ਦੇ ਪ੍ਰਭਾਵ ਬਾਰੇ ਜ਼ਿਆਦਾ ਵਿਸਤ੍ਰਿਤ ਜਾਂ ਦੀਰਘ ਕਾਲੀਨ ਜਾਣਕਾਰੀ ਪ੍ਰਾਪਤ ਕਰ ਸਕੇ।

**6) ਅਧਿਐਨ ਵਿਚ ਭਾਗ ਲੈਣ ਦੇ ਸੰਭਾਵੀ ਲਾਭ ਕੀ ਹਨ?**

ਅਸੀਂ ਨਹੀਂ ਜਾਣਦੇ ਕਿ ਕੀ ਜਾਂਚੇ ਜਾ ਰਹੇ ਇਲਾਜਾਂ ਦੇ ਅਤਿਰਿਕਤ ਲਾਭ ਹੋਣਗੇ। ਹੋ ਸਕਦਾ ਹੈ ਤੁਹਾਡਾ ਅਧਿਐਨ ਵਾਲਾ ਇਲਾਜ ਤੁਹਾਡੀ ਮਦਦ ਕਰੇ ਜਾਂ ਨਾ ਕਰੇ, ਪਰ ਇਹ ਅਧਿਐਨ ਭਵਿੱਖ ਦੇ ਮਰੀਜ਼ਾਂ ਦੀ ਮਦਦ ਕਰੇਗਾ।

**7) ਅਧਿਐਨ ਵਿਚ ਭਾਗ ਲੈਣ ਦੇ ਸੰਭਾਵੀ ਜ਼ੋਖਮ ਕੀ ਹਨ?**

ਅਜ਼ਿਥਰੋਮਾਇਸਿਨ ਦੇ ਮਾਲੂਮ ਗੌਣ ਪ੍ਰਭਾਵਾਂ (ਜਿਨ੍ਹਾਂ ਵਿਚ ਪੇਟ ਦੀ ਖਰਾਬੀ ਅਤੇ ਖ਼ੂਨ ਦੀ ਜਾਂਚ ਦੀਆਂ ਅਸਧਾਰਣਤਾਵਾਂ ਸ਼ਾਮਲ ਹੋ ਸਕਦੀਆਂ ਹਨ) ਤੋਂ ਇਲਾਵਾ, ਕਿਸੇ ਅਧਿਐਨ ਦਵਾਈ ਤੋਂ ਸੰਭਾਵੀ ਤੀਬਰ ਪ੍ਰਤੀਕ੍ਰਿਆ ਪੈਦਾ ਹੋਣ ਦੀ ਸੰਭਾਵਨਾ ਨਹੀਂ ਹੈ। ਮੈਬ (Mab) ਵਾਲਾ ਇਲਾਜ ਇਸ ਤਾਰੀਖ ਤੱਕ ਕੋਵਿਡ -19 ਵਾਲੇ ਤਕਰੀਬਨ 600 ਲੋਕਾਂ ਨੂੰ ਦਿੱਤਾ ਗਿਆ ਹੈ, ਜਿਨ੍ਹਾਂ ਵਿਚੋਂ 4 ਨੇ ਦਵਾਈ ਦਿੱਤੇ ਜਾਣ ਦੇ ਦੌਰਾਨ ਜਾਂ ਇਸ ਤੋਂ ਥੋੜ੍ਹੀ ਦੇਰ ਬਾਅਦ ਹਲਕੀਆਂ ਜਿਹੀਆਂ ਪ੍ਰਤੀਕਿਰਿਆਵਾਂ ਵਿਕਸਤ ਕੀਤੀਆਂ। ਮੈਬ (Mab) ਅਤੇ ਪਲਾਜ਼ਮਾ ਬਦਲੀ ਦੇ ਸੰਭਾਵਤ ਗੌਣ ਪ੍ਰਭਾਵਾਂ ਵਿਚ ਅਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ (ਧੱਫੜ, ਬੁਖਾਰ, ਕਾਂਬਾ) ਅਤੇ ਸਾਹ ਲੈਣ ਵਿਚ ਵਧੀ ਹੋਈ ਕਠਿਨਾਈ ਸ਼ਾਮਲ ਹਨ ਅਤੇ ਇਨ੍ਹਾਂ ਦਾ ਆਸਾਨੀ ਨਾਲ ਇਲਾਜ ਕੀਤਾ ਜਾ ਸਕਦਾ ਹੈ (ਉਦਾ. ਦਵਾਈ ਦੇਣੀ ਧੀਮੀ ਕਰਕੇ ਜਾਂ ਰੋਕ ਕੇ)। "ਪਲਾਜ਼ਮਾ, ਹੋਰ ਲਾਗਾਂ ਦੀ ਮੌਜੂਦਗੀ ਲਈ ਕੀਤੀ ਜਾਣ ਵਾਲੀ ਹੋਰ ਸਭ ਤਰ੍ਹਾਂ ਦੀਆਂ ਟੈਸਟਿੰਗ ਵਿਚੋਂ ਗੁਜ਼ਰੇਗਾ, ਪਰ ਲਾਗ ਦੇ ਸੰਚਾਰ ਦਾ ਇਕ ਬਹੁਤ ਥੋੜ੍ਹਾ ਜ਼ੋਖਮ ਮੌਜੂਦ ਰਹਿੰਦਾ ਹੀ ਹੈ। ਭਾਵੇਂ ਕਿ ਟੋਸਲੀਜ਼ੁਮਬ ਨੂੰ ਲੰਬੇ ਸਮੇਂ ਦੀ ਵਰਤੋਂ ਵਿਚ ਜਿਗਰ ਦੇ ਨੁਕਸਾਨ ਨਾਲ ਬਹੁਤ ਦੁਰਲੱਭਤਾ ਨਾਲ ਜੋੜਿਆ ਗਿਆ ਹੈ, ਇਸ ਅਧਿਐਨ ਵਿਚ ਥੋੜ੍ਹੇ ਸਮੇਂ ਦੀ ਵਰਤੋਂ ਕਾਰਨ ਇਹ ਸਮੱਸਿਆ ਪੈਦਾ ਹੋਣ ਦੀ ਆਸ ਨਹੀਂ ਹੈ। ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਆਪਣੇ ਹਸਪਤਾਲ ਦੇ ਡਾਕਟਰ ਨੂੰ ਪੁੱਛੋ। ਇਕ ਵਾਰ ਜਦੋਂ ਤੁਹਾਨੂੰ ਅਧਿਐਨ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ, ਤੁਸੀਂ ਅਤੇ ਤੁਹਾਡੇ ਡਾਕਟਰ ਇਹ ਜਾਣਨਗੇ ਕਿ ਕੰਪਿਊਟਰ ਨੇ ਤੁਹਾਡੇ ਲਈ ਕਿਹੜਾ ਇਲਾਜ ਨਿਰਧਾਰਤ ਕੀਤਾ ਹੈ। ਤੁਹਾਡੇ ਡਾਕਟਰ ਇਸ ਬਾਰੇ ਜਾਣੂੰ ਹੋਣਗੇ ਕਿ ਕੀ ਕਿਸੇ ਤਰ੍ਹਾਂ ਦੇ ਖਾਸ ਗੌਣ ਪ੍ਰਭਾਵ ਹਨ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਧਿਆਨ ਦੇਣਾ ਚਾਹੀਦਾ ਹੈ।

ਉਹ ਔਰਤਾਂ ਜੋ ਗਰਭਵਤੀ ਹਨ, ਉਨ੍ਹਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਕੁਝ ਇਲਾਜਾਂ ਦਾ ਅਣਜੰਮੇ ਬੱਚਿਆਂ ਉੱਪਰ ਪੈਣ ਵਾਲਾ ਪ੍ਰਭਾਵ ਅਨਿਸ਼ਚਿਤ ਹੈ - ਭਾਵੇਂ ਕਿ ਸਾਰੇ ਇਲਾਜਾਂ (ਮੈਬ (Mab) ਤੋਂ ਇਲਾਵਾ) ਨੂੰ ਹੋਰ ਚਿਕਿਤਸਕ ਬਿਮਾਰੀਆਂ ਦੇ ਲਈ, ਸੁਰੱਖਿਆ ਸਬੰਧੀ ਚਿੰਤਾਵਾਂ ਪੈਦਾ ਕਰਨ ਤੋਂ ਬਗੈਰ ਗਰਭਅਵਸਥਾ ਦੇ ਵਿਚ ਪਹਿਲਾਂ ਵਰਤਿਆ ਜਾ ਚੁੱਕਿਆ ਹੈ। ਮੈਬ (Mab) ਨੂੰ ਪਹਿਲਾਂ ਗਰਭਵਤੀ ਔਰਤਾਂ ਨੂੰ ਨਹੀਂ ਦਿੱਤਾ ਗਿਆ ਹੈ, ਪਰ ਇਸਨੂੰ ਜਾਂਚਿਆ ਜਾ ਰਿਹਾ ਹੈ ਕਿਉਂਕਿ ਗਰਭਵਤੀ ਔਰਤਾਂ ਕੋਵਿਡ -19 ਤੋਂ ਜ਼ੋਖਮ 'ਤੇ ਹਨ। ਜੇ ਤੁਸੀਂ ਮੈਬ ਪ੍ਰਾਪਤ ਕੀਤਾ ਹੈ ਤਾਂ ਬੱਚਿਆਂ ਨੂੰ ਘੱਟੋ-ਘੱਟ ਪਹਿਲੇ 6 ਮਹੀਨਿਆਂ ਲਈ ਲਾਇਵ (Live) ਵੈਕਸੀਨਾਂ ਨਹੀਂ ਦਿੱਤੀਆਂ ਜਾਣੀਆਂ ਚਾਹੀਦੀਆਂ। ਜੇ ਤੁਸੀਂ ਇਲਾਜ ਪ੍ਰਾਪਤ ਕਰਦੇ ਹੋ ਅਤੇ ਪਹਿਲਾਂ ਤੋਂ ਹੀ ਗਰਭਵਤੀ ਨਹੀਂ ਹੋ, ਇਕ ਸਾਵਧਾਨੀ ਦੇ ਤੌਰ 'ਤੇ ਤੁਹਾਨੂੰ ਟਰਾਇਲ ਵਾਲੇ ਇਲਾਜ(ਜਾਂ) ਦੀ ਸਮਾਪਤੀ ਤੋਂ 3 ਮਹੀਨੇ ਬਾਅਦ ਤੱਕ ਗਰਭਵਤੀ ਨਹੀਂ ਹੋਣਾ ਚਾਹੀਦਾ ਹੈ।

**8) ਕੀ ਮੈਂ ਅਧਿਐਨ ਵਾਲੇ ਇਲਾਜ ਜਾਂ ਮੇਰੀ ਸ਼ਮੂਲੀਅਤ ਨੂੰ ਪਹਿਲਾਂ ਰੋਕ ਸਕਦਾ/ਦੀ ਹਾਂ?**

ਜੇ ਤੁਸੀਂ ਜਾ⍰ ਤੁਹਾਡਾ ਡਾਕਟਰ ਕੋਰਸ ਦੀ ਸਮਾਪਤੀ ਤੋਂ ਪਹਿਲਾਂ ਅਧਿਐਨ ਵਾਲੇ ਇਲਾਜ ਨੂੰ ਰੋਕਣਾ ਚਾਹੁੰਦੇ ਹੋ, ਤਾਂ ਤੁਸੀਂ ਅਜਿਹਾ ਕਰਨ ਲਈ ਸੁਤੰਤਰ ਹੋ। ਜੇ ਤੁਸੀਂ ਇਹ ਨਿਰਣਾ ਕਰਦੇ ਹੋ ਕਿ ਤੁਸੀਂ ਆਪਣੇ ਬਾਰੇ ਹੋਰ ਜਾਣਕਾਰੀ ਇਕੱਤਰ ਨਹੀਂ ਹੋਣੀ ਦੇਣੀ ਚਾਹੁੰਦੇ, ਤਾਂ ਤੁਸੀਂ ਅਜਿਹਾ ਕਹਿਣ ਲਈ ਆਜ਼ਾਦ ਹੋ (ਵੈਸੇ ਉਸ ਸਮੇਂ ਤੱਕ ਇਕੱਤਰ ਕੀਤੀ ਗਈ ਬਿਨਾਂ ਪਛਾਣ ਵਾਲੇ ਜਾਣਕਾਰੀ ਦਾ ਖੋਜ ਟੀਮ ਦੁਆਰਾ ਵਿਸ਼ਲੇਸ਼ਣ ਕਰਨਾ ਜਾਰੀ ਰਹੇਗਾ)।

**9) ਜੇ ਮੈਂ ਸਵਾਲ ਪੁੱਛਣੇ ਹੋਣ ਜਾਂ ਮੈਨੂੰ ਸਮੱਸਿਆਵਾਂ ਹੋਣ ਤਾਂ ਮੈਨੂੰ ਕਿਸਨੂੰ ਕਾੱਲ ਕਰਨੀ ਚਾਹੀਦੀ ਹੈ?**

ਜੇ ਤੁਹਾਡੇ ਕੋਲ ਕਿਸੇ ਤਰ੍ਹਾਂ ਦੇ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਹਸਪਤਾਲ ਦੀ ਮੈਡੀਕਲ ਟੀਮ ਦੇ ਨਾਲ ਗੱਲ ਕਰੋ। ਅਧਿਐਨ ਦੇ ਬਾਰੇ ਹੋਰ ਜਾਣਕਾਰੀ ਅਧਿਐਨ ਦੀ ਵੈਬਸਾਇਟ ਤੇ ਵੀ ਉਪਲਬੱਧ ਹੋਏਗੀ (www.recoverytrial.net).

**10) ਤੁਸੀਂ ਮੇਰੇ ਬਾਰੇ ਕਿਹੜੀ ਜਾਣਕਾਰੀ ਰੱਖਦੇ ਹੋ ਅਤੇ ਤੁਸੀਂ ਇਸਨੂੰ ਗੋਪਨੀਯ ਕਿਵੇਂ ਰੱਖੋਗੇ?**

ਤੁਹਾਡੇ ਅਤੇ ਤੁਹਾਡੀ ਸਿਹਤ ਦੇ ਬਾਰੇ ਸਾਰੀ ਜਾਣਕਾਰੀ ਨਿੱਜੀ ਰੱਖੀ ਜਾਵੇਗੀ। ਜਾਣਕਾਰੀ ਨੂੰ ਦੇਖਣ ਦੀ ਆਗਿਆ ਦਿੱਤੇ ਗਏ ਲੋਕ ਕੇਵਲ ਉਹ ਡਾਕਟਰ ਹੋਣਗੇ ਜੋ ਅਧਿਐਨ ਕਰ ਰਹੇ ਹਨ, ਅਧਿਐਨ ਸੰਯੋਜਨ ਸੈਂਟਰ ਵਿਖੇ ਦਾ ਅਮਲਾ ਹੋਏਗਾ, ਅਤੇ ਨਿਯਾਮਕ ਅਥਾਰਟੀਆਂ ਹੋਣਗੀਆ ਜੋ ਇਹ ਜਾਂਚ ਕਰਦੀਆਂ ਹਨ ਕਿ ਅਧਿਐਨ ਨੂੰ ਸਹੀ ਤਰੀਕੇ ਨਾਲ ਕੀਤਾ ਜਾ ਰਿਹਾ ਹੈ। ਨਿੱਜਤਾ ਦਾ ਇਕ ਨੋਟਿਸ ਅਧਿਐਨ ਵੈਬਸਾਇਟ (https://www.recoverytrial.net/study-faq/data-privacy) 'ਤੇ ਹੈ।

**11) ਕੀ ਮੇਰਾ ਭਾਗ ਲੈਣਾ ਜ਼ਰੂਰੀ ਹੈ?**

ਅਧਿਐਨ ਵਿਚ ਭਾਗ ਲੈਣਾ ਇਛੁੱਕ ਹੈ। ਭਾਗ ਲੈਣਾ ਹੈ ਜਾਂ ਨਹੀਂ ਇਸ ਸਬੰਧੀ ਤੁਹਾਡਾ ਨਿਰਣਾ ਤੁਹਾਡੇ ਦੁਆਰਾ ਇਸ ਹਸਪਤਾਲ ਵਿਚ ਪ੍ਰਾਪਤ ਕੀਤੀ ਜਾਂਦੀ ਦੇਖਭਾਲ ਨੂੰ ਪ੍ਰਭਾਵਿਤ ਨਹੀਂ ਕਰੇਗਾ।

**12) ਕੀ ਕਿਸੇ ਤਰ੍ਹਾਂ ਦੀਆਂ ਵਿੱਤੀ ਲਾਗਤਾਂ ਜਾਂ ਭੁਗਤਾਨ ਹਨ?**

ਟਰਾਇਲ ਵਾਲੇ ਸਾਰੇ ਇਲਾਜ ਮੁਫ਼ਤ ਹੋਣੇਗੇ। ਨਾ ਤਾਂ ਤੁਸੀਂ ਨਾ ਤੁਹਾਡੇ ਮੈਡੀਕਲ ਅਮਲੇ ਨੂੰ ਇਸ ਅਧਿਐਨ ਵਿਚ ਸ਼ਮੂਲੀਅਤ ਦੇ ਲਈ ਭੁਗਤਾਨ ਕੀਤਾ ਜਾਵੇਗਾ।

**13) ਤੁਸੀਂ ਮੈਨੂੰ ਹੋਰ ਕੀ ਦੱਸ ਸਕਦੇ ਹੋ?**

ਇਸ ਅਧਿਐਨ ਨੂੰ ਯੂ ਕੇ ਰਿਸਰਚ ਐਂਡ ਇਨੋਵੇਸ਼ਨ (UK Research and Innovation) ਅਤੇ ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਰਿਸਰਚ (National Institute for Health Research) ਦੁਆਰਾ ਫੰਡ ਦਿੱਤਾ ਗਿਆ ਹੈ, ਨਾ ਕਿ ਅਧਿਐਨ ਦੇ ਇਲਾਜਾਂ ਦੇ ਉਤਪਾਦਕਾਂ ਦੁਆਰਾ (ਜੋ ਟਰਾਇਲ ਲਈ ਮੁਫ਼ਤ ਵਿਚ ਇਲਾਜ ਪ੍ਰਦਾਨ ਕਰ ਸਕਦੇ ਹਨ)। ਜੇ ਸਾਨੂੰ ਅਜਿਹੀ ਕੋਈ ਨਵੀਂ ਜਾਣਕਾਰੀ ਮਿਲਦੀ ਹੈ ਜੋ ਅਧਿਐਨ ਵਿਚ ਰਹਿਣ ਦੇ ਤੁਹਾਡੇ ਨਿਰਣੇ ਨੂੰ ਪ੍ਰਭਾਵਿਤ ਕਰ ਸਕਦੀ ਹੈ, ਤਾਂ ਅਸੀਂ ਤੁਹਾਨੂੰ ਇਹ ਜਾਣਕਾਰੀ ਦੇਵਾਂਗੇ। ਇਕ ਪ੍ਰਾਯੋਜਕ ਦੇ ਤੌਰ ਤੇ ਯੂਨੀਵਰਸਿਟੀ ਆਫ਼ ਆਕਸਫੋਰਡ (University of Oxford) ਕੋਲ, ਉਸ ਅਸੰਭਵ ਹਾਲਤ ਜਦੋਂ ਤੁਹਾਨੂੰ ਇਸ ਅਧਿਐਨ ਵਿਚ ਭਾਗ ਲੈਣ ਦੇ ਸਿੱਧੇ ਨਤੀਜੇ ਵੱਜੋਂ ਨੁਕਸਾਨ ਬਰਦਾਸ਼ਤ ਕਰਨਾ ਪੈਂਦਾ ਹੈ, ਦੇ ਲਈ ਢੁੱਕਵਾਂ ਬੀਮਾ ਮੌਜੂਦ ਹੈ। ਐਨ ਐਚ ਐਸ (NHS) ਦੀ ਹਾਨੀ-ਪੂਰਤੀ, ਉਸ ਕਲੀਨਿਕਲ ਇਲਾਜ ਦੇ ਸੰਦਰਭ ਵਿਚ ਕੰਮ ਕਰਦੀ ਹੈ ਜੋ ਪ੍ਰਦਾਨ ਕੀਤਾ ਜਾਂਦਾ ਹੈ।